# India - Germany Virtual Foreign Secretary-level Consultations

June 26, 2020

---

## ਭਾਰਤ - ਜਰਮਨੀ ਦਰਮਿਆਨ ਵਰਚੁਅਲ ਮਾਧਿਅਮ ਰਾਹੀਂ ਹੋਏ ਵਿਦੇਸ਼ ਸਕੱਤਰ ਪੱਧਰੀ ਸਲਾਹ-ਮਸ਼ਵਰੇ

26 ਜੂਨ, 2020

ਅੱਜ ਭਾਰਤ ਅਤੇ ਜਰਮਨੀ ਦਰਮਿਆਨ ਵਰਚੁਅਲ ਮਾਧਿਅਮ ਰਾਹੀਂ ਵਿਦੇਸ਼ ਸਕੱਤਰ ਪੱਧਰ ਦੇ ਸਲਾਹ-ਮਸ਼ਵਰੇ ਹੋਏ। ਵਿਦੇਸ਼ ਸਕੱਤਰ ਸ੍ਰੀ ਹਰਸ਼ ਵਰਧਨ ਸ਼ਰਿੰਗਲਾ ਅਤੇ ਜਰਮਨ ਦੇ ਸੰਘੀ ਵਿਦੇਸ਼ ਦਫ਼ਤਰ ਦੇ ਰਾਜ ਸਕੱਤਰ ਸ੍ਰੀ ਮਿਗੁਏਲ ਬਰਗਰ ਨੇ ਵੱਖ ਵੱਖ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਅਤੇ ਆਪਸੀ ਦਿਲਚਸਪੀ ਦੇ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਦੋਨਾਂ ਧਿਰਾਂ ਨੇ ਦਵਾਈਆਂ, ਸਾਜ਼ੋ-ਸਾਮਾਨ ਅਤੇ ਤਕਨਾਲੋਜੀ ਦੀ ਸਪਲਾਈ ਸਮੇਤ COVID -19 ਕਾਰਨ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਵਿਆਪਕ ਸਹਿਯੋਗ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਦੁਵੱਲੀ ਭਾਈਵਾਲੀ ਨੂੰ ਅੱਗੇ ਵਧਾਉਣ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਭਾਰਤ ਦੀ ਮੈਂਬਰਸ਼ਿਪ (2021-22) ਅਤੇ G -20 ਦੀ ਪ੍ਰਧਾਨਗੀ (2022) ਅਤੇ ਜਰਮਨੀ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਮੌਜੂਦਾ ਮੈਂਬਰਸ਼ਿਪ ਅਤੇ ਯੂਰਪੀਅਨ ਯੂਨੀਅਨ ਦੀ ਆਉਣ ਵਾਲੀ ਪ੍ਰਧਾਨਗੀ ਬਾਰੇ ਸਲਾਹ-ਮਸ਼ਵਰੇ ਸ਼ੁਰੂ ਕਰਨ ਉੱਤੇ ਸਹਿਮਤੀ ਜ਼ਾਹਰ ਕੀਤੀ।

ਨਵੀਂ ਦਿੱਲੀ

26 ਜੂਨ, 2020

DISCLAIMER: This is an approximate translation. The original is available in English on MEA’s website and may be referred to as the official press release.